# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 08:30

**ਮਿਤੀ : 12-10-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਭਾਰਤ ਦੇ ਨੌਜਵਾਨਾਂ ਵਿੱਚ, ਦੁਨੀਆ ਦੀਆਂ ਉੱਭਰਦੀਆਂ ਚੁਣੌਤੀਆਂ ਲਈ ਨਵੇਂ ਅਤੇ ਬਿਹਤਰ ਹੱਲ ਪ੍ਰਦਾਨ ਕਰਨ ਦੀ ਸਮਰੱਥਾ ਏ।

- ਸਊਦੀ ਅਰਬ ਦੇ ਰਿਆਦ ਹਵਾਈ ਅੱਡੇ 'ਤੇ ਦੋ ਦਿਨਾਂ ਵਿੱਚ ਹੋਏ ਦੂਜੇ ਹਮਲੇ ਵਿੱਚ, ਇੱਕ ਵਿਅਕਤੀ ਦੀ ਮੌਤ ਹੋ ਗਈ ਏ ਅਤੇ 11 ਹੋਰ ਜ਼ਖ਼ਮੀ ਹੋ ਗਏ ਨੇ।

- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਏ ਕਿ ਰੂਸ ਅਤੇ ਯੂਕਰੇਨ ਤੁਰੰਤ ਪ੍ਰਭਾਵ ਨਾਲ, ਊਰਜਾ ਸਹੂਲਤਾਂ 'ਤੇ ਹਮਲੇ ਰੋਕਣ ਲਈ ਸਹਿਮਤ ਹੋ ਗਏ ਨੇ।

- ਪੂਰਬੀ ਅਫਰੀਕਾ ਵਿੱਚ ਜਿਬੂਤੀ ਤੱਟ ਨੇੜੇ ਇੱਕ ਕਿਸ਼ਤੀ ਪਲਟਣ ਕਾਰਨ 139 ਲੋਕਾਂ ਦੀ ਮੌਤ ਹੋ ਗਈ ਏ।

- ਭਾਰਤ ਨੇ ਤੀਜੇ 20-20 ਅੰਤਰਰਾਸ਼ਟਰੀ ਮੈਚ ਵਿੱਚ ਵੈਸਟਇੰਡੀਜ਼ ਨੂੰ 14 ਦੌੜਾਂ ਨਾਲ ਹਰਾ ਕੇ, ਪੰਜ ਮੈਚਾਂ ਦੀ ਲੜੀ ਵਿੱਚ, 2-1 ਦੀ ਲੀਡ ਲੈ ਲਈ ਏ।

## *ਹੁਣ ਖਬਰਾਂ ਵਿਸਥਾਰ ਨਾਲ*

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਭਾਰਤ ਦੇ ਨੌਜਵਾਨਾਂ ਵਿੱਚ ਦੁਨੀਆ ਦੀਆਂ ਉੱਭਰਦੀਆਂ ਚੁਣੌਤੀਆਂ ਲਈ ਨਵੇਂ ਅਤੇ ਬਿਹਤਰ ਹੱਲ ਪ੍ਰਦਾਨ ਕਰਨ ਦੀ ਸਮਰੱਥਾ ਏ। ਚੇਨਈ ਵਿੱਚ ਜਯਗੋਪਾਲ ਗਾਰੋਦੀਆ ਹਿੰਦੂ ਵਿਦਿਆਲਿਆ ਦੇ ਗੋਲਡਨ ਜੁਬਲੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਦੁਨੀਆ ਨਵੀਆਂ ਚੁਣੌਤੀਆਂ ਦੇ ਹੱਲ ਲੱਭ ਰਹੀ ਏ ਅਤੇ ਉਨ੍ਹਾਂ ਨੂੰ ਪੂਰਾ ਭਰੋਸਾ ਏ ਕਿ ਭਾਰਤ ਦੇ ਨੌਜਵਾਨ ਇਸ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਨੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਦੌਰ ਨੌਜਵਾਨਾਂ ਦਾ ਏ। ਉਨ੍ਹਾਂ ਦੇ ਨਵੀਨਤਾਕਾਰੀ ਵਿਚਾਰ ਅਤੇ ਸਖ਼ਤ ਮਿਹਨਤ ਨਾ ਸਿਰਫ਼ ਭਾਰਤ, ਸਗੋਂ ਪੂਰੀ ਦੁਨੀਆ ਦੇ ਭਵਿੱਖ ਵੀ ਤੈਅ ਕਰੇਗੀ।

**BYTE: PM ON VIKSIT BHARAT**

ਸ੍ਰੀ ਮੋਦੀ ਨੇ ਰਾਸ਼ਟਰੀ ਏਕਤਾ ਅਤੇ ਅਮੀਰ ਤਾਮਿਲ ਸੱਭਿਆਚਾਰਕ ਵਿਰਾਸਤ 'ਤੇ ਵੀ ਜ਼ੋਰ ਦਿੱਤਾ। ਪੁਰਾਤਨ ਤਮਿਲ ਗ੍ਰੰਥ 'ਥਿਰੁੱਕੁਰਲ' ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਮਨੁੱਖ ਨੂੰ ਬਿਹਤਰ ਜੀਵਨ ਜਾਂਚ ਅਤੇ ਲਗਾਤਾਰ ਸਿੱਖਦੇ ਰਹਿਣ ਲਈ ਪ੍ਰੇਰਿਤ ਕਰਦਾ ਏ। ਉਨ੍ਹਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਗਿਆਨ ਹਾਸਲ ਕਰਨ ਦੇ ਨਾਲ-ਨਾਲ ਉਸ ਨੂੰ ਅਮਲ ਵਿੱਚ ਲਿਆਉਣਾ ਵੀ ਬਹੁਤ ਜ਼ਰੂਰੀ ਏ।

ਪ੍ਰਧਾਨ ਮੰਤਰੀ ਨੇ ਨੌਜਵਾਨਾਂ ਨੂੰ ਵੱਡੇ ਸੁਪਨੇ ਦੇਖਣ, ਨਵੀਨਤਾਕਾਰੀ ਸੋਚ ਅਪਣਾਉਣ ਅਤੇ ਨਿਡਰ ਹੋ ਕੇ ਅੱਗੇ ਵਧਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਵਿੱਚ ਮੌਕਿਆਂ ਦੀ ਕੋਈ ਕਮੀ ਨਹੀਂ ਹੈ ਅਤੇ 2047 ਤੱਕ ਵਿਕਸਤ ਭਾਰਤ ਦਾ ਟੀਚਾ ਹਾਸਲ ਕਰਨ ਵਿੱਚ ਨੌਜਵਾਨ ਅਹਿਮ ਭੂਮਿਕਾ ਨਿਭਾਉਣਗੇ।

**BYTE: PM DREAM**

ਸ੍ਰੀ ਮੋਦੀ ਨੇ ਭਰੋਸਾ ਪ੍ਰਗਟਾਇਆ ਕਿ ਨੌਜਵਾਨ, ਆਧੁਨਿਕ ਨਵੀਨਤਾ ਅਤੇ ਸੱਭਿਆਚਾਰਕ ਵਿਰਾਸਤ ਨੂੰ ਅਪਣਾ ਕੇ, ਇੱਕ ਪ੍ਰਗਤੀਸ਼ੀਲ ਅਤੇ ਆਤਮ-ਨਿਰਭਰ ਭਾਰਤ ਦੀ ਉਸਾਰੀ ਕਰਨ ਦੇ ਨਾਲ-ਨਾਲ ਵਿਸ਼ਵ ਪੱਧਰ 'ਤੇ ਆਪਣੀ ਪਛਾਣ ਕਾਇਮ ਕਰ ਸਕਦੇ ਨੇ।

---------------------------------------------------------

ਸਊਦੀ ਅਰਬ ਦੀ ਰਾਜਧਾਨੀ ਰਿਆਦ ਸਥਿਤ ਕਿੰਗ ਖਾਲਿਦ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਹੋਏ ਦੂਜੇ ਹਮਲੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਏ ਅਤੇ 11 ਹੋਰ ਜ਼ਖ਼ਮੀ ਹੋ ਗਏ ਨੇ। ਸਊਦੀ ਫੌਜ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਕੱਲ੍ਹ ਹਵਾਈ ਅੱਡੇ 'ਤੇ ਇੱਕ ਮਿਜ਼ਾਈਲ ਡਿੱਗੀ, ਜਿਸ ਨਾਲ ਮੁਸਾਫ਼ਰ ਹਾਲ ਵਿੱਚ ਅੱਗ ਲੱਗ ਗਈ। ਇੱਕ ਦਿਨ ਪਹਿਲਾਂ ਹੋਏ ਹਮਲੇ ਵਿੱਚ 13 ਲੋਕ ਮਾਰੇ ਗਏ ਅਤੇ 308 ਜ਼ਖ਼ਮੀ ਹੋ ਗਏ ਸਨ।

ਯਮਨ ਦੇ ਹੂਤੀ ਬਾਗੀਆਂ ਨੇ ਇਨ੍ਹਾਂ ਹਮਲਿਆਂ ਦੀ ਜ਼ਿੰਮੇਵਾਰੀ ਲਈ ਏ। ਉਨ੍ਹਾਂ ਨੇ ਹਵਾਈ ਕੰਪਨੀਆਂ ਅਤੇ ਯਾਤਰੀਆਂ ਨੂੰ ਸਾਊਦੀ ਅਰਬ ਦੇ ਹਵਾਈ ਅੱਡਿਆਂ ਦੀ ਵਰਤੋਂ ਕਰਨ ਜਾਂ ਉੱਥੋਂ ਦੇ ਹਵਾਈ ਖੇਤਰ ਵਿੱਚੋਂ ਉਡਾਣ ਭਰਨ ਵਿਰੁੱਧ ਖਬਰਦਾਰ ਕੀਤਾ ਏ। ਹੂਤੀਆਂ ਨੇ ਦਾਅਵਾ ਕੀਤਾ ਏ ਕਿ ਉਨ੍ਹਾਂ ਨੇ ਬੈਲਿਸਟਿਕ ਅਤੇ ਕਰੂਜ਼ ਮਿਜ਼ਾਈਲਾਂ ਦੇ ਨਾਲ-ਨਾਲ, ਡਰੋਨਾਂ ਦੀ ਵਰਤੋਂ ਕਰਕੇ, ਹਵਾਈ ਅੱਡੇ ਨੂੰ ਨਿਸ਼ਾਨਾ ਬਣਾਇਆ ਏ। ਉਨ੍ਹਾਂ ਨੇ ਪੂਰਬੀ ਸਾਊਦੀ ਅਰਬ ਵਿੱਚ ਤੇਲ ਸਹੂਲਤਾਂ ਅਤੇ ਦੰਮਾਮ ਹਵਾਈ ਅੱਡੇ 'ਤੇ ਵੀ ਹਮਲੇ ਕੀਤੇ।

-------------------------------------------------

ਇਸ ਦੌਰਾਨ, ਰਿਆਦ ਸਥਿਤ ਕਿੰਗ ਖਾਲਿਦ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਸ਼ਨੀਚਰਵਾਰ ਨੂੰ ਹੋਏ ਹਮਲੇ ਵਿੱਚ ਜ਼ਖ਼ਮੀ ਹੋਏ ਇੱਕ ਭਾਰਤੀ ਨਾਗਰਿਕ ਦੀ ਮੌਤ ਹੋ ਗਈ ਏ। ਰਿਆਦ ਸਥਿਤ ਭਾਰਤੀ ਦੂਤਘਰ ਨੇ

ਦੱਸਿਆ ਕਿ ਜ਼ਖ਼ਮੀ ਭਾਰਤੀ ਨਾਗਰਿਕ ਦੀ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਕੱਲ੍ਹ ਮੌਤ ਹੋ ਗਈ। ਦੂਤਘਰ ਨੇ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਏ ਅਤੇ ਮ੍ਰਿਤਕ ਦੇਹ ਨੂੰ ਜਲਦੀ ਭਾਰਤ ਵਾਪਸ ਲਿਆਉਣ ਸਮੇਤ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਏ।

ਇਸ ਹਮਲੇ ਵਿੱਚ ਲਗਭਗ 300 ਲੋਕ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚ ਦਸ ਭਾਰਤੀ ਨਾਗਰਿਕ ਸਨ। ਭਾਰਤੀ ਅਧਿਕਾਰੀ ਜ਼ਖ਼ਮੀਆਂ ਦੀ ਹਾਲਤ ਬਾਰੇ ਜਾਣਕਾਰੀ ਲੈਣ ਲਈ ਸਥਾਨਕ ਪ੍ਰਸ਼ਾਸਨ ਅਤੇ ਹਸਪਤਾਲਾਂ ਦੇ ਸੰਪਰਕ ਵਿੱਚ ਨੇ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਏ ਕਿ ਰਿਆਦ ਸਥਿਤ ਭਾਰਤੀ ਦੂਤਘਰ ਇਸ ਹਮਲੇ ਤੋਂ ਬਾਅਦ ਸਾਰੇ ਲੋੜੀਂਦੇ ਕਦਮ ਚੁੱਕ ਰਿਹਾ ਏ।

---------------------------------------------------

ਭਾਰਤੀ ਦੂਤਘਰ ਦੇ ਅਧਿਕਾਰੀਆਂ ਨੇ ਉਨ੍ਹਾਂ ਸਾਰੇ ਹਸਪਤਾਲਾਂ ਦਾ ਦੌਰਾ ਕੀਤਾ, ਜਿੱਥੇ ਹੂਤੀ ਬਾਗੀਆਂ ਦੇ ਹਮਲੇ ਵਿੱਚ ਜ਼ਖ਼ਮੀ ਹੋਏ ਭਾਰਤੀ ਨਾਗਰਿਕਾਂ ਦਾ ਇਲਾਜ ਚੱਲ ਰਿਹਾ ਏ।

---------------------------------------------------

ਦਿੱਲੀ ਮੈਟਰੋ ਨੇ ਜਾਣਕਾਰੀ ਦਿੱਤੀ ਏ ਕਿ ਸੁਰੱਖਿਆ ਕਾਰਨਾਂ ਕਰਕੇ, ਨਵੀਂ ਦਿੱਲੀ ਦੇ ਛੇ ਮੈਟਰੋ ਸਟੇਸ਼ਨਾਂ 'ਤੇ ਆਵਾਜਾਈ ਅੱਜ ਸ਼ਾਮ 4 ਵਜੇ ਤੱਕ ਬੰਦ

ਰਹੇਗੀ। ਇਹ ਸਟੇਸ਼ਨ ਨੇ - ਪਟੇਲ ਚੌਕ, ਜਨਪਥ, ਰਾਜੀਵ ਚੌਕ, ਮੰਡੀ ਹਾਊਸ, ਕੇਂਦਰੀ ਸਕੱਤਰੇਤ, ਅਤੇ ਬਾਰਾਖੰਬਾ ਰੋਡ। ਇਨ੍ਹਾਂ ਸਾਰੇ ਮੈਟਰੋ ਸਟੇਸ਼ਨਾਂ 'ਤੇ ਇੰਟਰਚੇਂਜ ਦੀਆਂ ਸਹੂਲਤਾਂ ਉਪਲਬਧ ਰਹਿਣਗੀਆਂ।

---------------------------------------------------

ਇਸ ਦੌਰਾਨ, ਦਿੱਲੀ ਟ੍ਰੈਫਿਕ ਪੁਲਿਸ ਨੇ ਨਵੀਂ ਦਿੱਲੀ ਵਿੱਚ, ਕਾਨੂੰਨ-ਵਿਵਸਥਾ ਦੀ ਸਥਿਤੀ ਦੇ ਮੱਦੇਨਜ਼ਰ, ਅੱਜ ਲਈ ਟ੍ਰੈਫਿਕ ਸਬੰਧੀ ਸਲਾਹ ਜਾਰੀ ਕੀਤੀ ਏ। ਟ੍ਰੈਫਿਕ ਪੁਲਿਸ ਨੇ ਕਿਹਾ ਏ ਕਿ ਦਿਨ ਦੌਰਾਨ, ਰਾਸ਼ਟਰੀ ਰਾਜਧਾਨੀ ਦੇ ਕਈ ਹਿੱਸਿਆਂ ਵਿੱਚ ਆਵਾਜਾਈ ਪ੍ਰਭਾਵਿਤ ਹੋ ਸਕਦੀ ਏ। ਪੁਲਿਸ ਨੇ ਦੱਸਿਆ ਕਿ ਮੌਜੂਦਾ ਸਥਿਤੀ ਦੇ ਮੱਦੇਨਜ਼ਰ, ਦਿੱਲੀ ਦੇ ਕੁਝ ਇਲਾਕਿਆਂ ਅਤੇ ਖਾਸ ਰੂਟਾਂ 'ਤੇ ਆਵਾਜਾਈ ਦਾ ਰੂਟ ਬਦਲਿਆ ਜਾ ਸਕਦਾ ਏ।

---------------------------------------------------

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਏ ਕਿ ਰੂਸ ਅਤੇ ਯੂਕਰੇਨ ਵਿਚਕਾਰ ਲਗਭਗ ਸਾਢੇ ਚਾਰ ਸਾਲਾਂ ਤੋਂ ਚੱਲ ਰਹੇ ਟਕਰਾਅ ਦੌਰਾਨ, ਊਰਜਾ ਸਹੂਲਤਾਂ 'ਤੇ ਹਮਲੇ ਰੋਕਣ ਲਈ ਇੱਕ ਸਮਝੌਤਾ ਹੋਇਆ ਏ। ਹਾਲਾਂਕਿ, ਉਨ੍ਹਾਂ ਨੇ ਇਸ ਬਾਰੇ ਕੋਈ ਵੇਰਵੇ ਸਿਹਤ ਜਾਣਕਾਰੀ ਨਹੀਂ ਦਿੱਤੀ।

ਸ੍ਰੀ ਟਰੰਪ ਨੇ ਬੀਤੀ ਰਾਤ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਇਹ ਜੰਗਬੰਦੀ ਤੁਰੰਤ ਲਾਗੂ ਹੋ ਗਈ ਏ। ਇਸ ਸਬੰਧੀ ਰੂਸ ਵੱਲੋਂ ਕੋਈ ਪ੍ਰਤੀਕਿਰਿਆ ਨਹੀਂ ਆਈ ਏ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਟਰੰਪ ਦੇ ਐਲਾਨ ਦਾ ਸਵਾਗਤ ਕੀਤਾ ਏ।

---------------------------------------------------

ਪੂਰਬੀ ਅਫਰੀਕਾ ਵਿੱਚ ਜਿਬੂਤੀ ਤੱਟ ਨੇੜੇ ਪ੍ਰਵਾਸੀਆਂ ਨਾਲ ਭਰੀ ਇੱਕ ਕਿਸ਼ਤੀ ਦੇ ਪਲਟਣ ਕਾਰਨ 15 ਬੱਚਿਆਂ ਸਮੇਤ, 139 ਲੋਕਾਂ ਦੀ ਮੌਤ ਹੋ ਗਈ ਏ। ਅੰਤਰਰਾਸ਼ਟਰੀ ਪ੍ਰਵਾਸ ਸੰਗਠਨ (IOM) ਅਨੁਸਾਰ, ਕਿਸ਼ਤੀ 'ਚ 305 ਲੋਕ ਸਵਾਰ ਸਨ। ਇਹ ਘਟਨਾ ਵੀਰਵਾਰ ਰਾਤ ਨੂੰ ਵਾਪਰੀ ਜਦੋਂ ਕਿਸ਼ਤੀ, ਜਿਬੂਤੀ ਦੇ ਤੱਟ ਤੋਂ ਯਮਨ ਵੱਲ ਜਾ ਰਹੀ ਸੀ।

IOM ਨੇ ਦੱਸਿਆ ਕਿ ਮੌਤਾਂ ਦੀ ਅਧਿਕਾਰਤ ਗਿਣਤੀ 139 ਏ। ਹਾਲਾਂਕਿ, ਇਹ ਅੰਕੜਾ ਸਿਰਫ਼ ਸਥਾਨਕ ਅਧਿਕਾਰੀਆਂ ਵੱਲੋਂ ਦਫ਼ਨਾਏ ਗਏ ਮ੍ਰਿਤਕਾਂ 'ਤੇ ਆਧਾਰਿਤ ਏ।

ਕਿਸ਼ਤੀ 'ਤੇ ਸਵਾਰ 80 ਤੋਂ ਵੱਧ ਲੋਕਾਂ ਨੂੰ ਬਚਾ ਲਿਆ ਗਿਆ ਏ। ਬਚਾਏ ਗਏ ਸਾਰੇ ਲੋਕ ਇਥੋਪੀਆ ਦੇ ਨਾਗਰਿਕ ਨੇ।

---------------------------------------------------

ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨੇ Khyber ਪਖਤੂਨਖਵਾ 'ਚ ਐਮਰਜੈਂਸੀ ਲਾਗੂ ਹੋਣ ਤੋਂ ਬਾਅਦ, ਚੁਣੀ ਹੋਈ ਸੂਬਾਈ ਸਰਕਾਰ ਨੂੰ ਬਰਖਾਸਤ ਕਰ ਦਿੱਤਾ ਏ। ਖੈਬਰ ਪਖਤੂਨਖਵਾ ਸੂਬੇ 'ਚ, ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਅਗਵਾਈ ਵਾਲੀ ਪਾਰਟੀ 'ਪਾਕਿਸਤਾਨ ਤਹਿਰੀਕ-ਏ-ਇਨਸਾਫ਼' ਦੀ ਸਰਕਾਰ ਸੀ। ਇਸ ਫੈਸਲੇ ਨੂੰ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਕੈਬਨਿਟ ਦੀ ਸਿਫਾਰਸ਼ 'ਤੇ ਮਨਜ਼ੂਰੀ ਦਿੱਤੀ ਗਈ।

ਰਾਸ਼ਟਰਪਤੀ ਜ਼ਰਦਾਰੀ ਨੇ ਸੂਬੇ ਵਿੱਚ ਸੰਵਿਧਾਨਕ ਪ੍ਰਣਾਲੀ ਦੇ ਠੱਪ ਹੋਣ ਦਾ ਹਵਾਲਾ ਦਿੰਦਿਆਂ, ਐਮਰਜੈਂਸੀ ਲਾਗੂ ਕਰ ਦਿੱਤੀ। ਸੂਬਾਈ ਪ੍ਰਸ਼ਾਸਨ ਨੂੰ ਭੰਗ ਕਰ ਦਿੱਤਾ ਗਿਆ ਏ ਅਤੇ ਕੇਂਦਰ ਸਰਕਾਰ ਦੀ ਨੁਮਾਇੰਦਗੀ ਕਰਨ ਵਾਲੇ Governor ਨੇ ਸਾਰੀਆਂ ਸ਼ਕਤੀਆਂ ਆਪਣੇ ਹੱਥ ਵਿੱਚ ਲੈ ਲਈਆਂ ਨੇ।

---------------------------------------------------------------

ਰੇਲਵੇ ਨੇ ਵੱਡੇ ਪੱਧਰ 'ਤੇ ਨੌਕਰੀਆਂ ਲਈ ਅਰਜ਼ੀਆਂ ਦੀ ਮੰਗ ਕੀਤੀ ਹੈ। ਰੇਲਵੇ ਭਰਤੀ ਬੋਰਡ ਦੀ ਕੇਂਦਰੀਕ੍ਰਿਤ ਰੁਜ਼ਗਾਰ ਸੂਚਨਾ ਅਨੁਸਾਰ, ਕੁੱਲ 3,548 ਅਸਾਮੀਆਂ ਵਿੱਚੋਂ 2,750 ਅਸਾਮੀਆਂ 'ਮੱਲ ਗੱਡੀ ਮੈਨੇਜਰਾਂ' ਲਈ ਨੇ। ਸੀਨੀਅਰ ਕਲਰਕ-ਕਮ-ਟਾਈਪਿਸਟ ਲਈ, 371 ਅਸਾਮੀਆਂ, ਜੂਨੀਅਰ ਅਕਾਊਂਟਸ ਅਸਿਸਟੈਂਟ-ਕਮ-ਟਾਈਪਿਸਟ ਲਈ, 300 ਅਸਾਮੀਆਂ ਅਤੇ ਚੀਫ਼ ਕਮਰਸ਼ੀਅਲ-ਕਮ-ਟਿਕਟ ਸੁਪਰਵਾਈਜ਼ਰ ਲਈ,

127 ਅਸਾਮੀਆਂ ਨੇ। ਆਨਲਾਈਨ ਅਰਜ਼ੀਆਂ 6 ਨਵੰਬਰ ਤੱਕ ਖੁੱਲ੍ਹੀਆਂ ਨੇ। ਪ੍ਰੀਖਿਆ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਤਰੀਕ 8 ਨਵੰਬਰ, 2026 ਏ, ਜਦੋਂ ਕਿ ਅਰਜ਼ੀਆਂ ਵਿੱਚ ਸੋਧ ਕਰਨ ਦੀ ਮਿਆਦ 9 ਨਵੰਬਰ ਤੋਂ 18 ਨਵੰਬਰ, 2026 ਤੱਕ ਨਿਰਧਾਰਤ ਕੀਤੀ ਗਈ ਏ।

---------------------------------------------------------

ਕ੍ਰਿਕਟ ਵਿੱਚ, ਭਾਰਤ ਨੇ ਬੀਤੀ ਰਾਤ ਇੰਦੌਰ ਦੇ ਹੋਲਕਰ ਸਟੇਡੀਅਮ ਵਿੱਚ, ਤੀਜੇ 20-20 ਅੰਤਰਰਾਸ਼ਟਰੀ ਮੈਚ ਵਿੱਚ ਵੈਸਟਇੰਡੀਜ਼ ਨੂੰ 14 ਦੌੜਾਂ ਨਾਲ ਹਰਾ ਦਿੱਤਾ ਏ। ਭਾਰਤ ਵੱਲੋਂ ਦਿੱਤੇ ਗਏ 224 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ, ਵੈਸਟਇੰਡੀਜ਼ ਦੀ ਟੀਮ ਨਿਰਧਾਰਤ 20 ਓਵਰਾਂ ਵਿੱਚ, 7 ਵਿਕਟਾਂ ਦੇ ਨੁਕਸਾਨ 'ਤੇ ਸਿਰਫ਼ 209 ਦੌੜਾਂ ਹੀ ਬਣਾ ਸਕੀ। ਭਾਰਤ ਵੱਲੋਂ ਅਰਸ਼ਦੀਪ ਸਿੰਘ ਨੇ ਤਿੰਨ ਵਿਕਟਾਂ ਲਈਆਂ।

ਇਸ ਤੋਂ ਪਹਿਲਾਂ, ਵੈਸਟਇੰਡੀਜ਼ ਨੇ ਟਾਸ ਜਿੱਤ ਕੇ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ। ਪਹਿਲਾਂ ਬੱਲੇਬਾਜ਼ੀ ਕਰਦਿਆਂ, ਭਾਰਤੀ ਟੀਮ ਨਿਰਧਾਰਤ 20 ਓਵਰਾਂ ਵਿੱਚ, 223 ਦੌੜਾਂ ਬਣਾ ਕੇ ਆਊਟ ਹੋ ਗਈ। ਅਭਿਸ਼ੇਕ ਸ਼ਰਮਾ ਨੇ 30 ਗੇਂਦਾਂ 'ਚ ਸ਼ਾਨਦਾਰ 69 ਦੌੜਾਂ ਬਣਾਈਆਂ। ਅਰਸ਼ਦੀਪ ਸਿੰਘ ਨੂੰ 'ਪਲੇਅਰ ਆਫ਼ ਦ ਮੈਚ' ਚੁਣਿਆ ਗਿਆ।

ਇਸ ਜਿੱਤ ਨਾਲ, ਭਾਰਤ ਪੰਜ ਮੈਚਾਂ ਦੀ ਲੜੀ ਵਿੱਚ, 2-1 ਨਾਲ ਅੱਗੇ ਹੋ ਗਿਆ ਏ।

---

ਅੰਡਰ-23 ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ 2026 ਅੱਜ ਅਮਰੀਕਾ ਦੇ ਲਾਸ ਵੇਗਾਸ ਸਥਿਤ ਨੇਵਾਦਾ ਯੂਨੀਵਰਸਿਟੀ ਵਿੱਚ ਸ਼ੁਰੂ ਹੋ ਰਹੀ ਏ। ਇਹ ਚੈਂਪੀਅਨਸ਼ਿਪ 18 ਅਕਤੂਬਰ ਤੱਕ ਚੱਲੇਗੀ।

---

ਮੌਸਮ ਵਿਭਾਗ ਨੇ ਅੱਜ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਵਿੱਚ ਬਿਜਲੀ ਲਿਸ਼ਕਣ ਨਾਲ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਜਤਾਈ ਏ।

ਅੱਜ ਸਵੇਰੇ ਦਿੱਲੀ ਦੇ ਕਈ ਇਲਾਕਿਆਂ ਵਿੱਚ ਭਾਰੀ ਮੀਂਹ ਪਿਆ।

---

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਭਾਰਤ ਦੇ ਨੌਜਵਾਨਾਂ ਵਿੱਚ, ਦੁਨੀਆ ਦੀਆਂ ਉੱਭਰਦੀਆਂ ਚੁਣੌਤੀਆਂ ਲਈ ਨਵੇਂ ਅਤੇ ਬਿਹਤਰ ਹੱਲ ਪ੍ਰਦਾਨ ਕਰਨ ਦੀ ਸਮਰੱਥਾ ਏ।

- ਸਊਦੀ ਅਰਬ ਦੇ ਰਿਆਦ ਹਵਾਈ ਅੱਡੇ 'ਤੇ ਦੋ ਦਿਨਾਂ ਵਿੱਚ ਹੋਏ ਦੂਜੇ ਹਮਲੇ ਵਿੱਚ, ਇੱਕ ਵਿਅਕਤੀ ਦੀ ਮੌਤ ਹੋ ਗਈ ਏ ਅਤੇ 11 ਹੋਰ ਜ਼ਖ਼ਮੀ ਹੋ ਗਏ ਨੇ।

- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਏ ਕਿ ਰੂਸ ਅਤੇ ਯੂਕਰੇਨ ਤੁਰੰਤ ਪ੍ਰਭਾਵ ਨਾਲ, ਊਰਜਾ ਸਹੂਲਤਾਂ 'ਤੇ ਹਮਲੇ ਰੋਕਣ ਲਈ ਸਹਿਮਤ ਹੋ ਗਏ ਨੇ।

- ਪੂਰਬੀ ਅਫਰੀਕਾ ਵਿੱਚ ਜਿਬੂਤੀ ਤੱਟ ਨੇੜੇ ਇੱਕ ਕਿਸ਼ਤੀ ਪਲਟਣ ਕਾਰਨ 139 ਲੋਕਾਂ ਦੀ ਮੌਤ ਹੋ ਗਈ ਏ।

- ਭਾਰਤ ਨੇ ਤੀਜੇ 20-20 ਅੰਤਰਰਾਸ਼ਟਰੀ ਮੈਚ ਵਿੱਚ ਵੈਸਟਇੰਡੀਜ਼ ਨੂੰ 14 ਦੌੜਾਂ ਨਾਲ ਹਰਾ ਕੇ, ਪੰਜ ਮੈਚਾਂ ਦੀ ਲੜੀ ਵਿੱਚ, 2-1 ਦੀ ਲੀਡ ਲੈ ਲਈ ਏ।

---

**ਇਸ ਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ। ਨਮਸਕਾਰ!**